# ਨਮੂਨੇ ਦਾ ਪ੍ਰਸ਼ਨ-ਪੱਤਰ

## ਸ਼੍ਰੇਣੀ - ਦਸਵੀਂ

## (ਸਪੈਸ਼ਲ,ਸੁਣਨ ਅਤੇ ਬੋਲਣ ਤੋਂ ਅਸਮਰਥ ਪਰੀਖਿਆਰਥੀਆਂ ਲਈ)

## ਵਿਸ਼ਾ - ਪੰਜਾਬੀ

## ਪੇਪਰ - ਬੀ

## ਵਿੱਦਿਅਕ ਵਰ੍ਹਾ : 2020-21

**ਲਿਖਤੀ: 65 ਅੰਕ**

**ਆਂਤਰਿਕ ਮੁਲਾਂਕਣ: 10 ਅੰਕ**

**ਕੁੱਲ: 75 ਅੰਕ**

ਨੋਟ- ਸੁੰਦਰ ਲਿਖਾਈ ਲਈ 5 ਅੰਕ ਨਿਰਧਾਰਿਤ ਹਨ ਜੋਕਿ ਪ੍ਰਸ਼ਨ-ਪੱਤਰ ਦੇ ਕੁੱਲ 65 ਅੰਕਾਂ ਵਿੱਚ ਹੀ ਸ਼ਾਮਲ ਹਨ।

ਵਸਤੂਨਿਸ਼ਠ ਪ੍ਰਸ਼ਨ:

ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਰੇਕ ਪ੍ਰਸ਼ਨ ਦੇ 2 ਅੰਕ ਹਨ।

**ਬਹੁਚੋਣਵੇਂ** ਉੱਤਰਾਂ ਵਾਲੇ **ਪ੍ਰਸ਼ਨ:**

1. ਜਿਹੜਾ ਸ਼ਬਦ ਕਿਸੇ ਵਿਅਕਤੀ,ਵਸਤੂ,ਸਥਾਨ ਨੂੰ ਪ੍ਰਗਟ ਕਰੇ, ਉਸ ਨੂੰ ਕੀ ਕਹਿੰਦੇ ਹਨ?

   (ੳ) ਕਿਰਿਆ-ਵਿਸ਼ੇਸ਼ਣ (ਅ) ਪੜਨਾਂਵ

   (ੲ) ਨਾਂਵ (ਸ) ਵਿਸ਼ੇਸ਼ਣ 2

2. ਜਦੋਂ ਵਾਕ ਵਿੱਚ ਕਿਰਿਆ ਇੱਕ ਸ਼ਬਦ ਦੀ ਹੋਵੇ, ਉਸ ਨੂੰ ਕੀ ਕਹਿੰਦੇ ਹਨ?

   (ੳ) ਇਕਹਿਰੀ ਕਿਰਿਆ (ਅ) ਸੰਯੁਕਤ ਕਿਰਿਆ

   (ੲ) ਮੂਲ ਕਿਰਿਆ (ਸ) ਸਕਰਮਕ ਕਿਰਿਆ 2

3. ਜੋ ਵਿਸਮਕ ਮਨ ਦੀਆਂ ਇੱਛਾਵਾਂ ਪ੍ਰਗਟ ਕਰਨ,ਨੂੰ ਕੀ ਕਹਿੰਦੇ ਹਨ ?

   (ੳ) ਇੱਛਿਆਵਾਚਕ ਵਿਸਮਕ (ਅ) ਸ਼ੋਕਵਾਚਕ ਵਿਸਮਕ

   (ੲ) ਸੂਚਨਾਵਾਚਕ ਵਿਸਮਕ (ਸ) ਪ੍ਰਸੰਸਾਵਾਚਕ ਵਿਸਮਕ 2

4. ਜਦੋਂ ਕਿਰਿਆ ਦਾ ਕੰਮ ਆਉਣ ਵਾਲ਼ੇ ਸਮੇਂ ਵਿੱਚ ਹੋਣਾ ਹੋਵੇ, ਉਸ ਨੂੰ ਕੀ ਕਹਿੰਦੇ ਹਨ?

   (ੳ) ਵਰਤਮਾਨ ਕਾਲ (ਅ) ਭਵਿਖਤ ਕਾਲ (ੲ) ਭੂਤ ਕਾਲ 2

ਹੇਠ ਲਿਖੇ ਵਾਕਾਂ ਵਿਚਲੀਆਂ ਖ਼ਾਲੀ ਥਾਂਵਾਂ ਵਿੱਚ ਢੁਕਵੇਂ ਸ਼ਬਦ ਭਰੋ

5. ਦੁਆਬੀ ਉਪਬੋਲੀ ......................... ਜ਼ਿਲ੍ਹੇ ਵਿੱਚ ਬੋਲੀ ਜਾਂਦੀ ਹੈ। (ਰੋਪੜ/ਸ਼ਹੀਦ ਭਗਤ ਸਿੰਘ ਨਗਰ) 2
6. ਧੁੱਪ ਦਾ ਵਿਰੋਧੀ ਸ਼ਬਦ .................... ਹੈ। (ਛਾਂ/ਸਵੇਰ) 2
7. ਜਿਨ੍ਹਾਂ ਸ਼ਬਦਾਂ ਦਾ ਕੋਈ ਅਰਥ ਨਾ ਹੋਵੇ ਉਹਨਾਂ ਨੂੰ ......................... ਕਹਿੰਦੇ ਹਨ । (ਸਾਰਥਕ ਸ਼ਬਦ/ਨਿਰਾਰਥਕ ਸ਼ਬਦ) 2
8. ਪੰਜਾਬ ਦੀ ਰਾਜ-ਭਾਸ਼ਾ..................... ਹੈ।(ਤਮਿਲ/ਪੰਜਾਬੀ) 2

**ਹੇਠ ਲਿਖਿਆਂ ਕਿਰੜਾ ਕਥਨ ਸਹੀ ਹੈ ਅਤੇ ਕਿਹੜਾ ਗ਼ਲਤ:**

9. ਵਿਆਕਰਨ ਦੀ ਪੜ੍ਹਾਈ ਭਾਸ਼ਾ ਸਿੱਖਣ ਲਈ ਜ਼ਰੂਰੀ ਨਹੀਂ ਹੈ । 2

10. ਮੁਕਤਾ ਲਗ ਦਾ ਕੋਈ ਚਿੰਨ੍ਹ ਨਹੀਂ ਹੁੰਦਾ । 2

11. ਦੋ ਵਾਕਾਂ ਨੂੰ ਜੋੜਨ ਵਾਲ਼ੇ ਸ਼ਬਦ ਯੋਜਕ ਹੁੰਦੇ ਹਨ। 2

12. ਖ਼ੁਸ਼ੀ,ਗ਼ਮੀ ਜਾਂ ਹੈਰਾਨੀ ਪ੍ਰਗਟ ਕਰਨ ਵਾਲ਼ੇ ਸ਼ਬਦ ਵਿਸਮਕ ਹੁੰਦੇ ਹਨ । 2

**ਸਹੀ ਮਿਲਾਣ ਕਰੋ :**

13. ਹਰੇਕ ਭਾਸ਼ਾ ਸਾਮ੍ਹਣੇ ਢੁਕਵੀਂ ਲਿਪੀ ਲਿਖੋ :

| | | |
|---|---|---|
| (ੳ) ਪੰਜਾਬੀ | : | **ਦੇਵ-ਨਗਰੀ** |
| **(ਅ) ਅੰਗਰੇਜ਼ੀ** | : | ਗੁਰਮੁੱਖੀ |
| **(ੲ) ਹਿੰਦੀ** | : | ਰੋਮਨ 2 |

14. **ਹਰੇਕ 'ਕਾਲ' ਸਾਮ੍ਹਣੇ ਸਹੀ ਵਾਕ ਲਿਖੋ:**

| | | |
|---|---|---|
| **ਭੂਤਕਾਲ** | : | ਸਰਜੀਤ ਖੇਡਦਾ ਹੈ। |
| **ਭਵਿਖਤ ਕਾਲ** | : | ਸਰਜੀਤ ਖੇਡਦਾ ਸੀ। |
| **ਵਰਤਮਾਨ ਕਾਲ** | : | ਸਰਜੀਤ ਖੇਡੇਗਾ। 2 |

15. ਸਹੀ ਵਿਰੋਧਾਰਥਕ ਸ਼ਬਦ ਮਿਲ਼ਾਓ :

| | | |
|---|---|---|
| ਆਸਤਿਕ | : | **ਝੂਠ** |
| **ਉੱਤਰਨਾ** | : | **ਉੱਧਰ** |
| **ਇੱਧਰ** | : | **ਚੜ੍ਹਨਾ** |
| **ਸੱਚ** | : | **ਨਾਸਤਿਕ** **2** |

15x2=30

16. ਹੇਠ ਲਿਖੇ ਵਿਸ਼ਿਆਂ ਕਿਸੇ ਇੱਕ ਵਿਸ਼ੇ ਦੀਆਂ ਰੂਪ-ਰੇਖਾਵਾਂ ਅਨੁਸਾਰ ਖ਼ਾਲੀ ਥਾਂਵਾਂ ਭਰ ਕੇ ਦੁਬਾਰਾ ਲਿਖੋ:

**(ੳ) ਸ੍ਰੀ ਗੁਰੂ ਤੇਗ਼ ਬਹਾਦਰ ਜੀ**

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜਨਮ ............ਈ. ਨੂੰ ਅੰਮ੍ਰਿਤਸਰ ਵਿੱਚ ਹੋਇਆ। **ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਪਿਤਾ ਦਾ ਨਾਂ ............ ਅਤੇ ਮਾਤਾ ਦਾ ਨਾਂ.................ਸੀ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਵਿਆਹ 1634 ਈ. ਵਿੱਚ................ ਜੀ ਨਾਲ਼ ਹੋਇਆ। ਸ੍ਰੀ ਗੁਰੂ ਹਰਗੋਬਿੰਦ ਰਾਏ ਜੀ ਦੇ ਜੋਤੀ - ਜੋਤ ਸਮਾਉਣ ਤੋਂ ਬਾਅਦ ਸ੍ਰੀ ਗੁਰੂ ਤੇਗ਼ ਬਹਾਦਰ ਜੀ..............ਵਿਖੇ ਆ ਕੇ ਰਹਿਣ ਲੱਗ ਪਏ। ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ...................ਸਾਲ ਭੋਰੇ ਵਿੱਚ ਬੈਠ ਕੇ ਪ੍ਰਭੂ ਦਾ .................ਕਰਦੇ ਰਹੇ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਕਹਿਲੂਰ ਦੇ ਰਾਜੇ ਤੋਂ ਜਮੀਨ ਖਰੀਦ ਕੇ.............ਨਾਂ ਦੇ ਨਗਰ ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਘਰ ਇੱਕ ................ਨੇ ਜਨਮ ਲਿਆ ਜਿਸ ਦਾ ਨਾਂ ................ਰੱਖਿਆ ਗਿਆ। ਹਿੰਦੂ ਧਰਮ ਦੀ ਰੱਖਿਆ ਲਈ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ...............ਈ.ਨੂੰ ਆਪਣੀ ਸ਼ਹਾਦਤ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ। ਇਸ ਸ਼ਹੀਦੀ ਦੇ**

**ਕਾਰਨ ਆਪ ਜੀ ਨੂੰ .............ਵੀ ਕਿਹਾ ਜਾਂਦਾ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ............ਸਲੋਕ ਅਤੇ ............... ਸ਼ਬਦ ਦਰਜ ਹਨ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਹੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸਪੁੱਤਰ..............ਜੀ ਨੇ .................ਪੰਥ ਦੀ ਸਾਜਨਾ ਕੀਤੀ।**

**ਜਾਂ**

**(ਅ) ਸ਼ਹੀਦ ਭਗਤ ਸਿੰਘ**

ਸ਼ਹੀਦ ਭਗਤ ਸਿੰਘ ਜੀ ਦਾ ਜਨਮ ..............ਨੂੰ ਚੱਕ ਨੰ. 105 ਜ਼ਿਲ੍ਹਾਂ ਲਾਹਿਲਪੁਰ ਅੱਜ-ਕੱਲ੍ਹ ਪਾਕਿਸਤਾਨ ਵਿੱਚ ਹੋਇਆ। ਸ਼ਹੀਦ ਭਗਤ ਸਿੰਘ ਜੀ ਦੇ ਪਿਤਾ ਦਾ ਨਾਂ ..............ਅਤੇ ਮਾਤਾ ਦਾ ਨਾਂ ..................ਸੀ। ਸ਼ਹੀਦ ਭਗਤ ਸਿੰਘ ਜੀ ਦਾ ਜੱਦੀ ਪਿੰਡ............ ਸੀ। ਬਚਪਨ ਵਿੱਚ ਜ਼ਿਲਿਆਂ ਵਾਲ਼ੇ ਬਾਗ ਦੀ ਦੁਖਦਾਈ .....................ਨੇ ਸ਼ਹੀਦ ਭਗਤ ਸਿੰਘ ਜੀ ਦੇ ਮਨ ਉੱਪਰ .................ਅਸਰ ਪਾਇਆ। 1925 ਈ. ਵਿੱਚ ਸ਼ਹੀਦ ਭਗਤ ਸਿੰਘ ਜੀ ਨੇ ਸੁਖਦੇਵ,ਭਗਵਤੀ ਚਰਨ ਅਤੇ ਧਨਵੰਤਰੀ ਆਦਿ ਨਾਲ਼ ਮਿਲ ਕੇ............ਅਤੇ ਅੰਗਰੇਜ਼ਾਂ ਦੇ ਵਿਰੁੱਧ ................ਆਰੰਭ ਕਰ ਦਿੱਤਾ। ਲਾਲਾ ਲਾਜਪਤ ਰਾਏ ਦੇ ਕਾਤਲ ਮਿਸਟਰ ਸਕਾਟ ਨੂੰ ਮਾਰਨ ਦੀ ਸ਼ਹੀਦ ਭਗਤ ਸਿੰਘ ਜੀ ਨੇ ਆਪਣੇ ਸਾਥੀਆਂ ਨਾਲ਼ ..................ਬਣਾਈ ਪਰ ਉਸ ਦੀ ਥਾਂ ਤੇ ..................ਮਾਰਿਆ ਗਿਆ। ਸ਼ਹੀਦ ਭਗਤ ਸਿੰਘ ਜੀ ਨੇ ਆਪਣੇ ਸਾਥੀ ਬੀ.ਕੇ. ਦੱਤ ਨਾਲ਼ ਮਲ਼ ਕੇ ਦਿੱਲੀ ਅਸੈਂਬਲੀ ਵਿੱਚ...............ਸੁੱਟੇ ਅਤੇ ਆਪਣੀ.............. ਦੇ ਦਿੱਤੀ। ਵੱਖ-ਵੱਖ ਮੁਕੱਦਮਿਆਂ ਦੀ ਸੁਣਵਾਈ ਕਰਦੇ ਹੋਏ ਅਦਾਲਤ ਨੇ.................ਨੂੰ ਸ਼ਹੀਦ ਭਗਤ ਸਿੰਘ ਜੀ, ਸੁਖਦੇਵ ਅਤੇ ਰਾਜਗੁਰੂ ਨੂੰ.................. ਦੀ ਸਜ਼ਾ ਸੁਣਾਈ। ਸ਼ਹੀਦ ਭਗਤ ਸਿੰਘ,ਸੁਖਦੇਵ ਅਤੇ.................ਨੂੰ ਫ਼ਾਂਸੀ ਦੇ ਦਿੱਤੀ ਗਈ। 8

17. ਤੁਹਾਡਾ ਛੋਟਾ ਭਰਾ ਨਸ਼ਿਆਂ ਦਾ ਸੇਵਨ ਕਰਨ ਲੱਗ ਪਿਆ ਹੈ ਉਸ ਨੂੰ ਨਸ਼ਿਆਂ ਤੋਂ ਰੋਕਣ ਲਈ ਪੱਤਰ ਲਿਖੋ।

**ਜਾਂ**

18.ਤੁਹਾਡੀ ਸਾਈਕਲ ਚੋਰੀ ਹੋ ਗਿਆ ਹੈ, ਵੇਰਵੇ ਦਿੰਦੇ ਹੋਏ ਰਿਪੋਰਟ ਦਰਜ ਕਰਵਾਉਣ ਲਈ ਆਪਣੇ ਨੇੜੇ ਦੇ ਥਾਣੇ ਨੂੰ ਬੇਨਤੀ-ਪੱਤਰ ਲਿਖੋ। 2+4+1=7

19. ਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ ? ਉਹਨਾਂ ਦੇ ਨਾਂ ਲਿਖੋ।

ਜਾਂ

ਕਿਰਿਆ-ਵਿਸ਼ੇਸ਼ਣ ਦੀਆਂ ਕਿਸਮਾਂ ਦੇ ਨਾਂ ਲਿਖੋ। **5**

20. **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨ ਦੇ ਉੱਤਰ ਲਿਖੋ:**

ਇੱਕ ਵਾਰੀ ਪੰਜਾਬੀ ਦੇ ਪ੍ਰਸਿੱਧ ਲੇਖਕ ਡਾ. ਟੀ.ਆਰ.ਸ਼ਰਮਾ ਪੰਜ ਹੋਰ ਅਧਿਆਪਕਾਂ ਨਾਲ਼ ਤਾਰਾ ਦੇਵੀ ਵਿਖੇ ਸਕਾਊਟਿੰਗ ਦਾ ਕੋਰਸ ਕਰਨ ਜਾ ਰਹੇ ਸਨ। ਰਸਤੇ ਵਿੱਚ ਉਹਨਾਂ ਦੀ ਮੁਲਾਕਾਤ ਡਾਕਟਰ ਰਾਧਾ ਕ੍ਰਿਸ਼ਨਨ ਨਾਲ਼ ਕਾਲਕਾ ਰੇਲਵੇ ਸਟੇਸ਼ਨ ਤੇ ਹੋ ਗਈ। ਉਹਨਾਂ ਦਿਨਾਂ ਵਿੱਚ ਉਪਰਾਸ਼ਟਰਪਤੀ ਸਨ। ਉਹਨਾਂ ਦੀ ਚੇਅਰ-ਕਾਰ, ਜਿਸ ਵਿੱਚ ਬੈਠ ਕੇ ਉਹਨਾਂ ਸ਼ਿਮਲੇ ਜਾਣਾ ਸੀ, ਤਕਨੀਕੀ ਖ਼ਰਾਬੀ ਕਰਕੇ ਕੁਝ ਦੇਰੀ ਨਾਲ਼ ਜਾਣੀ ਸੀ। ਸ੍ਰੀ ਰਾਧਾ ਕ੍ਰਿਸ਼ਨਨ ਇਕੱਲੇ ਹੀ ਪਲੇਟਫ਼ਾਰਮ ਤੇ ਖੜ੍ਹੇ ਸਨ । ਉਹਨਾਂ ਕੋਲ਼ੋਂ ਪੁੱਛ ਕੇ ਸਾਰੇ ਅਧਿਆਪਕ ਉਹਨਾਂ ਕੋਲ਼ ਚਲੇ ਗਏ, ਉਹਨਾਂ ਦੇ ਪੁੱਛਣ ਤੇ ਸਾਰੇ ਅਧਿਆਪਕਾਂ ਨੇ ਕਿਹਾ ਕਿ ਉਹ ਪੜ੍ਹਾਉਂਦੇ ਹਨ । ਉਹਨਾਂ ਮਜ਼ਾਕ ਨਾਲ਼ ਉਹਨਾਂ ਨੂੰ ਕਿਹਾ। ਤੁਸੀਂ ਪੜ੍ਹਾਉਂਦੇ ਹੋ ਪਰ ਮੈਂ ਅਜੇ ਸਿੱਖਦਾ ਹੀ ਹਾਂ,ਪੜ੍ਹਦਾ ਹੀ ਹਾਂ। ਇੱਕ ਅਧਿਆਪਕ ਨੇ ਕਿਹਾ- ਜੀ, ਗ਼ਰੀਬੀ ਲਾਹਨਤ ਹੈ, ਮੈਂ ਕੇਵਲ ਜੇ.ਬੀ.ਟੀ. ਹੀ ਕਰ ਸਕਿਆ ਹਾਂ, ਗ਼ਰੀਬੀ ਨੇ ਮੈਨੂੰ ਅੱਗੇ ਨਹੀਂ ਪੜ੍ਹਨ ਦਿੱਤਾ । ਉਹਨਾਂ ਨੇ ਆਪਣੀ ਕਹਾਣੀ ਸੁਣਾਉਂਦਿਆਂ ਕਿਹਾ, "ਮੇਰੀ ਮਾਂ ਨੇ ਇੱਕ ਦਿਨ ਕਿਹਾ, ਬੇਟਾ ਕ੍ਰਿਸ਼ਨਨ ਮੈਂ ਚਾਵਲ ਬਣਾ ਦਿੱਤੇ ਹਨ ਤੇ ਦਾਲ਼ ਵੀ, ਪਰ ਅੱਜ ਸਾਡੇ ਘਰ ਪੰਜ ਪੈਸੇ ਵੀ ਨਹੀਂ ਹਨ ਜਿਨ੍ਹਾਂ ਨਾਲ਼ ਮੈਂ ਚਾਵਲ ਪਰੋਸਣ ਲਈ ਕੇਲੇ ਦੇ ਪੱਤੇ ਖ਼ਰੀਦ ਸਕਾਂ।" ਇਹ ਕਹਿੰਦਿਆਂ ਮਾਂ ਦੀਆਂ ਅੱਖਾਂ ਵਿੱਚੋਂ ਅਥਰੂ ਟਪਕਣ ਲੱਗ ਪਏ । ਉਦੋਂ ਬਾਲ ਰਾਧਾ ਕ੍ਰਿਸ਼ਨਨ ਨੇ ਬਾਲਟੀ ਪਾਣੀ ਦੀ ਲੈ ਕੇ ਰਸੋਈ ਦੇ ਫ਼ਰਸ਼ ਨੂੰ ਦੋ-ਤਿੰਨ ਵਾਰ ਚੰਗੀ ਤਰ੍ਹਾਂ ਸਾਫ਼ ਕੀਤਾ ਤੇ ਮਾਂ ਨੂੰ ਕਿਹਾ ਕਿ ਉਹ ਫ਼ਰਸ਼ ਉੱਤੇ ਹੀ ਚਾਵਲ ਪਰੋਸ ਦੇਣ। ਮਾਂ ਸੱਤ ਦਿਨ ਲਗਾਤਾਰ ਇਸ ਤਰ੍ਹਾਂ ਹੀ ਕਰਦੀ ਰਹੀ।

ਪ੍ਰਸ਼ਨ:

(ੳ) ਅਧਿਆਪਕਾਂ ਨੇ ਤਾਰਾ ਦੇਵੀ ਕੀ ਕਰਨ ਜਾਣਾ ਸੀ ?

(ਅ) ਡਾ. ਰਾਧਾ ਕ੍ਰਿਸ਼ਨਨ ਨੇ ਚਾਵਲ ਪਰੋਸਣ ਲਈ ਕੀ ਕੀਤਾ?

(ੲ) ਮਾਂ ਦੀਆਂ ਅੱਖਾਂ ਵਿੱਚੋਂ ਅੱਥਰੂ ਕਿਉਂ ਟਪਕਣ ਲੱਗੇ? 2+2+2=6

21.(ੳ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:

ਜਿਸ ਦੀ ਔਲ਼ਾਦ ਨਾ ਹੋਵੇ।

**ਜਾਂ**

22. (ੳ) ਉਹ ਲੜਾਈ ਜਿਸ ਵਿੱਚ ਬਹੁਤ ਸਾਰੇ ਮਾਰੇ ਜਾਣ।

(ਅ) 'ਉਪਕਾਰ' ਜਾਂ 'ਅਮਨ' ਸ਼ਬਦ ਦਾ ਕੋਈ ਇੱਕ ਸਮਾਨਰਥੀ ਸ਼ਬਦ ਲਿਖੋ। 2+2=4